# तूँ मुड़ के नहीं औना बंदेया

ਤੂੰ ਮੁੜ ਕੇ ਨਹੀਂ ਆਉਣਾ ਬੰਦਿਆ
=======================
( ਮੈਂ ਮਿੱਟੀ, ਮੇਰੀ ਜਾਤ ਵੀ ਮਿੱਟੀ,
ਤੇ ਮੇਰੇ ਗਲ਼, ਮਿੱਟੀ ਦਾ ਬਾਣਾ।
ਮਾਂ ਮੇਰੀ ਨੇ, ਮਿੱਟੀ ਜੰਮੀ,
ਬਾਬਲ, ਮਿੱਟੀ ਖਾਣਾ।
ਮਿੱਟੀ ਜੰਮੀ, ਖੁਸ਼ੀ ਮਨਾਈ,
ਨਾਂਅ ਰੱਖਿਆ, ਮਰ ਜਾਣਾ।
ਜਦ ਮਿੱਟੀ ਨੇ, ਮਿੱਟੀ ਛੱਡੀ,
ਓ ਢੁੱਕ ਢੁੱਕ, ਪੈਣ ਮਕਾਣਾਂ॥ )

ਰੁੱਤਾਂ, ਮੁੜ ਮੁੜ ਆਉਣਗੀਆਂ,
ਬੰਦਿਆ, ਤੂੰ ਮੁੜ ਕੇ ਨਹੀਂ ਆਉਣਾ॥
^ਤੂੰ ਮੁੜ ਕੇ ਨਹੀਂ ਆਉਣਾ, x॥ -॥
ਰੁੱਤਾਂ, ਮੁੜ ਮੁੜ ਆਉਣਗੀਆਂ,,,,,,,,,,

ਲੱਖ ਚੌਰਾਸੀ, ਜੂਨ ਕੱਟਣ ਨੂੰ x॥
ਆਈ ਸੀ ਤੂੰ, ਨਾਮ ਜੱਪਣ ਨੂੰ x॥
ਨੀ, ਬਹਿ ਗਈ, ਸਮਝ ਖਿਡੌਣਾ,,,
ਰੁੱਤਾਂ, ਮੁੜ ਮੁੜ ਆਉਣਗੀਆਂ,,,,,,,,,,F

ਮੈਂ ਮੇਰੀ ਵਿੱਚ, ਆ ਕੇ ਪੈ ਗਈ x॥
ਨਾਮ ਬਿਨਾਂ ਤੂੰ, ਖ਼ਾਲੀ ਰਹਿ ਗਈ x॥
ਇਥੋਂ ਕੁਝ ਨੀ ਨਾਲ ਹੈ ਜਾਣਾ
ਰੁੱਤਾਂ, ਮੁੜ ਮੁੜ ਆਉਣਗੀਆਂ,,,,,,,,,, F

ਜਨਮ ਬੜਾ, ਅਨਮੋਲ ਹੈ ਤੇਰਾ x॥
ਛੱਡ ਦੇ ਕਰਨਾ, ਝਗੜਾ ਝੇੜਾ x॥
ਤੂੰ, ਸਿੱਖ ਲੈ, ਜਾਨ ਬਚਾਉਣਾ,,,
ਰੁੱਤਾਂ, ਮੁੜ ਮੁੜ ਆਉਣਗੀਆਂ,,,,,,,,,,F

ਧੰਨ ਸ਼ੋਹਰਤ, ਤੇਰੀ ਵਿਰਥਾ ਜਾਵੇ x॥
ਲੰਘਿਆ ਵੇਲਾ, ਹੱਥ ਨਾ ਆਵੇ x॥
ਤੂੰ, ਛੱਡ ਦੇ, ਕੂੜ ਕਮਾਉਣਾ,,,
ਰੁੱਤਾਂ, ਮੁੜ ਮੁੜ ਆਉਣਗੀਆਂ,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/32946/title/rutta-mud-ke-aungiya-bandeya-tu-mud-ke-nahi-auna

अपने Android मोबाइल पर BhajanGanga App डाउनलोड करें और भजनों का आनंद ले |